**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਗੁਰਸੇਵਕ ਸਿੰਘ ਸਹਾਇਕ ਪ੍ਰੋਫੈਸਰ,
ਪੁੱਤਰ ਸ੍ਰੀ ਗਿਆਨ ਸਿੰਘ, ਮਕਾਨ ਨੰ: Z-2, 06852
ਗੱਲੀ ਨੰ: 11/3 ਪਾਵਰ ਹਾਉਸ ਰੋਡ, ਬਠਿੰਡਾ 151001 -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ, ਦਫਤਰ ਰਜਿਸਟਰਾਰ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।
ਪਹਿਲੀ ਅਪੀਲੀ ਅਥਾਰਟੀ ਕਮ ਰਜਿਸਟਰਾਰ,
ਪੰਜਾਬੀ ਯੂਨੀਵਰਸਿਟੀ, ਪਟਿਆਲਾ। -------ਉੱਤਰਦਾਤਾ

**ਅਪੀਲ ਕੇਸ ਨੰ: 3882 ਆਫ 2019**

**ਹਾਜ਼ਰ**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਵਿਕਰਾਂਤ ਸ਼ਰਮਾਂ ਵਕੀਲ ।

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 03-08-2019 , ਲੋਕ ਸੂਚਨਾ ਅਧਿਕਾਰੀ ਦਫਤਰ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਉਸ ਦੀ ਨਿੱਜੀ ਮਿਸਲ ਜ਼ੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਮੇਨਟੇਨ ਕੀਤੀ ਗਈ ਹੈ ਦੀਆਂ ਕਾਪੀਆਂ ਅਕਤੂਬਰ, 2018 ਤੋਂ ਲੈ ਕੇ ਹੁਣ ਤੱਕ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 14-09-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 17-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 29-11-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 20-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੌਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

3. ਉੱਤਰਦਾਤਾ ( ਲੋਕ ਸੂਚਨਾ ਅਫਸਰ ) ਵਲੋਂ ਸ੍ਰੀ ਵਿਕਰਾਂਤ ਸ਼ਰਮਾਂ ਵਕੀਲ ਹਾਜ਼ਰ ਹੋਇਆ, ਉਸ ਵਲੋਂ ਪੱਤਰ ਨੰ: 168/ਐਸ-3/861-19/ਆਰ.ਟੀ.ਆਈ ਸੈਲ, ਮਿਤੀ 09-01-2020 ਪੇਸ਼ ਕੀਤਾ ਗਿਆ (ਪਹਿਲਾਂ ਹੀ ਮਿਤੀ 13-01-2020 ਨੂੰ ਪ੍ਰਾਪਤ ਹੋ ਚੁੱਕਾ ਹੈ ਅਤੇ ਮਿਸਲ ਤੇ ਉਪਲਭਧ ਹੈ) ਦਸਿਆ ਗਿਆ ਹੈ ਕਿ ਅਪੀਲਕਰਤਾ ਨੂੰ ਪੱਤਰ ਮਿਤੀ 6-9-2019 ਰਾਹੀ਼ ਪੈਸੇ ਜਮਾਂ ਕਰਾਉਣ ਲਈ ਲਿਖਿਆ ਗਿਆ ਸੀ, ਇਸ ਉਪਰੰਤ ਪੱਤਰ ਮਿਤੀ 25-09-2019 ਰਾਹੀਂ ਵੀ ਰਾਸ਼ੀ ਜਮਾਂ ਕਰਵਾਉਣ ਲਈ ਲਿਖਿਆ ਗਿਆ ਸੀ ਪਰ ਇਹ ਦੋਵੇ ਪੱਤਰ ਡਾਕਖਾਨੇ ਵਲੋਂ ਇਹ ਲਿਖ ਕੇ ਵਾਪਸ ਆਇਆ ਕਿ ਇਸ ਪਤੇ ਤੇ ਇਹ ਵਿਅਕਤੀ ਨਹੀ਼ ਰਹਿੰਦਾ। ਉਸ ਵਲੋਂ ਕੀਤੀ ਗਈ ਅਪੀਲ ਉਪਰੰਤ ਮਿਤੀ 23-12-2019 ਨੂੰ ਮੁੜ ਨਵੇਂ ਪਤੇ ਤੇ ਪੱਤਰ ਲਿਖਿਆ ਗਿਆ। ਜਿਸ ਉਪਰੰਤ ਉਸ ਵਲੋਂ ਪੱਤਰ ਮਿਤੀ 03-01-2020 ਬਿਨੈਕਾਰ ਵਲੋ ਪ੍ਰਾਪਤ ਹੋਇਆ, ਜਿਸ ਉਪਰੰਤ ਉਸਨੂੰ ਪੱਤਰ ਮਿਤੀ 6-1-2020 ਰਾਹੀਂ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਹੈ। ਰਸੀਦ ਦੀ ਕਾਪੀ ਵੀ ਪੇਸ਼ ਕੀਤੀ ਗਈ ਹੈ।

4. ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਪੇਸ਼ ਕੀਤੇ ਗਏ ਉਕਤ ਪੱਤਰ ਮਿਤੀ 09-01-2020 ਜ਼ੋ ਪਹਿਲਾਂ ਹੀ ਪ੍ਰਾਪਤ ਹੋ ਚੁੱਕੀ ਹੈ, ਅਨੁਸਾਰ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਹੈ। ਪਰ ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ, ਫਿਰ ਵੀ ਉਸਨੂੰ ਇਕ ਹੋਰ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰਾਪਤ ਸੂਚਨਾ ਵਿਚ ਕੋਈ ਤਰੁੱਟੀਆਂ ਪਾਈਆਂ ਜਾਂਦੀਆਂ ਹਨ ਤਾਂ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਲਿਖਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਦੂਰ ਕਰਦੇ ਹੋਏ ਅਗਲੀ ਪੇਸ਼ੀ ਤੋਂ ਪਹਿਲਾਂ ਪਹਿਲਾਂ ਉਸਨੂੰ ਲਿਖਤੀ ਰੂਪ ਵਿਚ ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ **ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 05-02-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 20 ਜਨਵਰੀ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਡਾ: ਹਰਸਿਮਰਨ ਸਿੰਘ, ਐਸੋਸੀਏਟ ਪ੍ਰੋਫੈਸਰ, ਮੋ:9915271946
ਗੋਰਮਿੰਟ ਮੈਡੀਕਲ ਕਾਲਜ਼ ਐਂਡ ਰਜਿੰਦਰਾ ਹਸਪਤਾਲ,
ਪਟਿਆਲਾ। ------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਦਫਤਰ, ਡੀ.ਆਰ.ਐਮ.ਈ, ਪੰਜਾਬ, ਮੋਹਾਲੀ।

ਪਹਿਲੀ ਅਪੀਲੀ ਅਥਾਰਟੀ,
ਦਫਤਰ, ਡੀ.ਆਰ.ਐਮ.ਈ, ਪੰਜਾਬ, ਮੋਹਾਲੀ। ------ਉੱਤਰਦਾਤਾ

**ਅਪੀਲ ਕੇਸ ਨੰ:3893 ਆਫ 2019**

**ਹਾਜ਼ਰ**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਤੇਜਿੰਦਰ ਪਾਲ ਸਿੰਘ, (9463538323) ।

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 18-06-2019 , ਲੋਕ ਸੂਚਨਾ ਅਧਿਕਾਰੀ ਦਫਤਰ ਡੀ.ਆਰ.ਐਮ.ਈ, ਪੰਜਾਬ, ਮੋਹਾਲੀ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਆਪਣੀ ਪ੍ਰੋਫੈਸਰ, ਐਥਾਮੋਲੋਜੀ ਦੀ ਇਟਰਵਿਊ ਜੋ ਮਿਤੀ 21-6-2019 ਨੂੰ ਹੋਈ ਸੀ ਵਿਚ ਅਯੋਗਤਾ ਸਬੰਧੀ ਵਿਭਾਗ ਤੋਂ ਡਿਟੇਲ ਦੀ ਮੰਗ ਕੀਤੀ ਗਈ ਹੈ, ਜੋ ਕਿ ਦਫਤਰ ਵੈਵਸਾਇਟ ਤੇ ਲੜੀ ਨੰ: 186-187 ਤੇ ਪਾਈ ਗਈ ਹੈ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸਹੀ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 16-08-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 18-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 29-11-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 20-1-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਤੇਜਿੰਦਰ ਪਾਲ ਸਿੰਘ, ਹਾਜ਼ਰ ਹੋਇਆ, ਉਸ ਵਲੋਂ ਪੱਤਰ ਨੰ: 2 ਐਮ.ਈ.1. ਪੰ: 19/22518 ਮਿਤੀ 12-12-2019 ਪੇਸ਼ ਕੀਤਾ ਗਿਆ ਜੋ ਕਮਿਸ਼ਨ ਨੂੰ ਸੰਬੋਧਤ ਹੈ ਅਤੇ ਅਪੀਲਕਰਤਾ ਨੂੰ ਉੱਤਾਰਾ ਕੀਤਾ ਗਿਆ ਹੈ। ਇਹ ਪੱਤਰ ਪਹਿਲਾਂ ਹੀ ਪ੍ਰਾਪਤ ਹੋ ਚੁੱਕਾ ਹੈ ਅਤੇ ਪੱਤਰ ਮਿਸਲ ਤੇ ਉਪਲਭਧ ਹੈ।

4. ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਪੇਸ਼ ਕੀਤੇ ਗਏ ਉਕਤ ਪੱਤਰ ਮਿਤੀ 12-12-2019 ਮੁਤਾਬਿਕ ਅਪੀਲਕਰਤਾ ਨੂੰ ਸੂਚਨਾ ਭੇਜ਼ ਦਿੱਤੀ ਗਈ ਹੈ, ਪਰ ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ ਫਿਰ ਵੀ ਉਸਨੂੰ ਇਕ ਹੋਰ ਮੋਕਾ ਦਿੰਦੇ ਹੋਏ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰਾਪਤ ਸੂਚਨਾ ਵਿਚ ਕੋਈ ਤਰੁੱਟੀਆਂ ਪਾਈਆਂ ਜਾਂਦੀਆਂ ਹਨ ਤਾਂ ਸੂਚਨਾ ਦੀ ਪ੍ਰਾਪਤੀ ਤੋਂ 5 ਦਿਨਾਂ ਦੇ ਅੰਦਰ ਅੰਦਰ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਲਿਖਤੀ ਰੂਪ ਵਿਚ ਨੋਟ ਕਰਵਾਉਂਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਦੂਰ ਕਰਦੇ ਹੋਏ ਅਗਲੀ ਪੇਸ਼ੀ ਤੋਂ ਪਹਿਲਾਂ ਪਹਿਲਾਂ ਉਸਨੂੰ ਲਿਖਤੀ ਰੂਪ ਵਿਚ ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ **ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 10-02-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 20 ਜਨਵਰੀ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਗਗਨਦੀਪ ਸਿੰਘ ਜੰਜੂਆ 9780643243
ਪਿੰਡ ਤੂਰਾ, ਡਾਕਖਾਨਾ ਖੁੰਭ ਤਹਿਸੀਲ ਅਮਲੋਹ, ਜਿਲਾ ਫਤਿਹਗੜ੍ਹ ਸਾਹਿਬ। -----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਦਫਤਰ, ਐਸ.ਡੀ.ਐਮ. ਬੰਗਾ, ਜਿਲਾ ਐਸ.ਬੀ.ਐਸ.ਨਗਰ ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਐਸ.ਡੀ.ਐਮ. ਬੰਗਾ, ਜਿਲਾ ਐਸ.ਬੀ.ਐਸ.ਨਗਰ । -----ਉੱਤਰਦਾਤਾ

**ਅਪੀਲ ਕੇਸ ਨੰ: 3905 ਆਫ 2019**

**ਹਾਜ਼ਰ**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਦਲਜੀਤ ਸਿੰਘ, ਸੀਨੀਅਰ ਸਹਾਇਕ (9876318667)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 10-07-2019 , ਲੋਕ ਸੂਚਨਾ ਅਧਿਕਾਰੀ ਦਫਤਰ ਐਸ.ਡੀ.ਐਮ. ਬੰਗਾ, ਜਿਲਾ ਐਸ.ਬੀ.ਐਸ.ਨਗਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਪੱਤਰ ਨੰ: 1366, ਮਿਤੀ 04-07-2019 ਰਾਹੀਂ ਸੀ.ਆਰ.ਪੀ.ਸੀ. ਦੇ ਸੈਕਸ਼ਨ 145,146 ਦੇ ਅਨੁਲੱਗ 2 ਅਨੁਸਾਰ ਰਸੀਵਰ ਨਿਯੁਕਤ ਕਰਨ ਤੇ ਅਧਿਕਾਰ ਸਬੰਧਤ ਮੈਜਿਸਟਰੇਟ ਨੂੰ ਹਨ, ਇਸ ਲਈ ਦਰਖਾਸਤ ਕਰਤਾ ਨੂੰ ਸੂਚਨਾ ਦਿੱਤੀ ਜਾਵੇ ਕਿ ਕਿਸ ਹਾਲਾਤਾਂ ਜਾਂ ਕਿਸ ਦੀ ਰਿਪੋਰਟ ਪਰ ਰਸੀਵਰ ਨਿਯੁਕਤ ਕੀਤਾ ਜਾ ਸਕਦਾ ਹੈ, ਰਸੀਵਰ ਲਗਾਉਣ ਦੇ ਕਾਰਨ ਦਰਸਾਉਂਦੇ ਦਸਤਾਵੇਜ਼ਾਂ ਦੀਆਂ ਕਾਪੀਆਂ ਦਿੱਤੀਆਂ ਜਾਣ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 26-08-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 18-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 29-11-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 20-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਦਲਜੀਤ ਸਿੰਘ, ਸੀਨੀਅਰ ਸਹਾਇਕ ਹਾਜ਼ਰ ਹੋਇਆ , ਉਸ ਵਲੋਂ ਪੱਤਰ ਨੰ: ਸਪੈਸ਼ਲ-1/ਰੀਡਰ/ ਮਿਤੀ 17-01-2020 ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਪੇਸ਼ ਕੀਤਾ ਗਿਆ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਪੇਸ਼ ਕੀਤੇ ਗਏ ਉਕਤ ਪੱਤਰ ਮਿਤੀ 17-01-2020 ਰਾਹੀਂ ਦਸਿਆ ਗਿਆ ਕਿ ਉਨ੍ਹਾਂ ਦੇ ਦਫਤਰ ਵਲੋਂ ਕੋਈ ਵੀ ਰਸੀਵਰ ਨਿਯੁਕਤ ਨਹੀਂ ਕੀਤਾ ਗਿਆ ਅਤੇ ਨਾ ਹੀ ਇਸ ਦਫਤਰ ਵਿਖੇ ਇਸ ਸੰਬਧ ਵਿਚ ਕੋਈ ਹੁੱਕਮ ਜਾਂ ਹਦਾਇਤਾਂ ਉਪਲਭਧ ਹਨ। ਇਸ ਦੇ ਨਾਲ ਹੀ ਦਸਿਆ ਗਿਆ ਕਿ ਇਸ ਸਬੰਧੀ ਉਨ੍ਹਾਂ ਵਲੋਂ ਪੱਤਰ ਮਿਤੀ 09-08-2019 ਰਾਹੀਂ ਵੀ ਅਪੀਲਕਰਤਾ ਸੂਚਿਤ ਕਰ ਦਿੱਤਾ ਗਿਆ ਸੀ ਕਿ ਸੂਚਨਾ ਉਪਲਭਧ ਨਹੀ ਹੈ ਕਿਉਂਜੋ ਸਿਕਾਇਤ ਸਬੰਧੀ ਦਰਖਾਸਤ ਉਨ੍ਹਾਂ ਦੇ ਦਫਤਰ ਵਿਚ ਨਿਪਟਾਰੇ ਹਿੱਤ ਪੈਡਿੰਗ ਹੈ। ਇਸ ਦੇ ਨਾਲ ਹੀ ਦਸਿਆ ਗਿਆ ਕਿ ਡਿਪਟੀ ਕਮਿਸ਼ਨਰ ਜੀ ਦੇ ਹੁਕੱਮਾਂ ਅਨੁਸਾਰ ਇਹ ਸ਼ਿਕਾਇਤ ਉਪ ਮੰਡਲ ਮੈਜਿਸਟਰੇਟ, ਨਵਾਂ ਸ਼ਹਿਰ ਨੂੰ ਮੂਲ ਰੂਪ ਵਿਚ ਪੱਤਰ ਨੰ: 307/ਰੀਡਰ/ਮਿਤੀ 03-10-2019 ਰਾਹੀਂ ਨਿਪਟਾਰੇ ਹਿੱਤ ਟਰਾਂਸਫਰ ਕਰ ਦਿੱਤੀ ਗਈ ਹੈ। ਉੱਤਰਦਾਤਾ ਵਲੋਂ ਦਿੱਤਾ ਗਿਆ ਉੱਤਰ ਸਹੀ ਨਹੀਂ ਹੈ ਕਿਉਂਜੋ ਅਪੀਲਕਰਤਾ ਵਲੋਂ ਆਪਣੀ ਅਰਜੀ ਵਿਚ ਲਿਖਿਆ ਗਿਆ ਸੀ ਕਿ ਸੂਚਨਾ ਦਿਤੀ ਜਾਵੇ ਕਿ ਕਿਸ ਹਲਾਤਾਂ ਜਾਂ ਕਿਸ ਦੀ ਰਿਪੋਰਟ ਪਰ ਰਸੀਵਰ ਨਿਯੁਕਤ ਕੀਤਾ ਜਾ ਸਕਦਾ ਹੈ ਰਸੀਵਰ ਲਗਾਉਣ ਦੇ ਕਾਰਨ ਦਰਸਾਉਂਦੇ ਦਸਤਾਵੇਜ਼ਾਂ ਦੀਆਂ ਕਾਪੀਆਂ ਦਿੱਤੀਆਂ ਜਾਣ। ਇਸ ਲਈ ਉੱਤਰ ਵਿਸਥਾਰ ਵਿਚ ਦਸਤਾਵੇਜ਼ਾਂ ਸਹਿਤ ਦਿੱਤਾ ਜਾਵੇ । ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਹੀ ਉੱਤਰ ਦਿੱਤਾ ਜਾਵੇ। ਇਸ ਹਦਾਇਤ ਨਾਲ **ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 10-02-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 20 ਜਨਵਰੀ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਗਗਨਦੀਪ ਸਿੰਘ ਜੰਜੂਆ 9780643243
ਪਿੰਡ ਤੂਰਾ, ਡਾਕਖਾਨਾ ਖੁੰਭ ਤਹਿਸੀਲ ਅਮਲੋਹ,
ਜਿਲਾ ਫਤਿਹਗੜ੍ਹ ਸਾਹਿਬ। -----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ,
ਦਫਤਰ, ਐਸ.ਡੀ.ਐਮ. ਬੰਗਾ, ਜਿਲਾ ਐਸ.ਬੀ.ਐਸ.ਨਗਰ ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਐਸ.ਡੀ.ਐਮ. ਬੰਗਾ, ਜਿਲਾ ਐਸ.ਬੀ.ਐਸ.ਨਗਰ । -----ਉੱਤਰਦਾਤਾ

**ਅਪੀਲ ਕੇਸ ਨੰ: 3906 ਆਫ 2019**

**ਹਾਜ਼ਰ**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਦਲਜੀਤ ਸਿੰਘ, ਸੀਨੀਅਰ ਸਹਾਇਕ (9876318667)

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 20-06-2019, ਲੋਕ ਸੂਚਨਾ ਅਧਿਕਾਰੀ ਦਫਤਰ ਐਸ.ਡੀ.ਐਮ. ਬੰਗਾ, ਜਿਲਾ ਐਸ.ਬੀ.ਐਸ.ਨਗਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਜ਼ੋ ਵੀ ਮਾਫੀ ਦੇ ਡੇਰੇ ਆਦਿ ਹਨ ਉਹਨਾਂ ਪਰ ਰਸੀਵਰ ਲਗਾਉਣ ਸਬੰਧੀ ਸਰਕਾਰ ਦੀਆਂ ਜ਼ੋ ਵੀ ਹਦਾਇਤਾ ਜਾਰੀ ਹਨ ਉਨ੍ਹਾਂ ਦੀਆਂ ਕਾਪੀਆਂ ਦੀ ਮੰਗ ਕੀਤੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 24-07-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 18-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 29-11-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 20-1-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਦਲਜੀਤ ਸਿੰਘ, ਸੀਨੀਅਰ ਸਹਾਇਕ ਹਾਜ਼ਰ ਹੋਇਆ , ਉਸ ਵਲੋਂ ਪੱਤਰ ਨੰ: ਸਪੈਸ਼ਲ-2/ਰੀਡਰ/ ਮਿਤੀ 17-01-2020 ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਪੇਸ਼ ਕੀਤਾ ਗਿਆ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਪੇਸ਼ ਕੀਤੇ ਗਏ ਉਕਤ ਪੱਤਰ ਮਿਤੀ 17-01-2020 ਰਾਹੀਂ ਦਸਿਆ ਗਿਆ ਕਿ ਅਪੀਲਕਰਤਾ ਨੂੰ ਪਹਿਲਾਂ ਹੀ ਪੱਤਰ ਨੰ: 43/ਆਰ.ਟੀ.ਆਈ. ਮਿਤੀ 22-07-2019 ਰਾਹੀਂ ਸੁਚਿਤ ਕੀਤਾ ਗਿਆ ਸੀ ਕਿ ਹਦਾਇਤਾਂ ਵਾਲੀ ਮਿਸਲ ਦੀ ਘੋਖ ਕੀਤੀ ਗਈ ਜਿਸ ਵਿੱਚ ਰਸੀਵਰ ਲਗਾਉਣ ਸਬੰਧੀ ਕੋਈ ਹਦਾਇਤ ਉਪਲਭਧ ਨਹੀਂ ਹੈ।ਉਨ੍ਹਾਂ ਦੇ ਦਫਤਰ ਵਲੋਂ ਕੋਈ ਰਸੀਵਰ ਨਿਯੁਕਤ ਨਹੀਂ ਕੀਤਾ ਗਿਆ। ਇਸ ਦੇ ਨਾਲ ਹੀ ਦਸਿਆ ਗਿਆ ਕਿ ਡਿਪਟੀ ਕਮਿਸ਼ਨਰ ਜੀ ਦੇ ਹੁਕੱਮਾਂ ਅਨੁਸਾਰ ਇਹ ਸ਼ਿਕਾਇਤ ਉਪ ਮੰਡਲ ਮੈਜਿਸਟਰੇਟ, ਨਵਾਂ ਸ਼ਹਿਰ ਨੂੰ ਨਿਪਟਾਰੇ ਹਿੱਤ ਟਰਾਂਸਫਰ ਕਰ ਦਿੱਤੀ ਗਈ ਹੈ। ਇਸ ਤਰ੍ਹਾਂ ਉੱਤਰਦਾਤਾ ਅਨੁਸਾਰ ਇਸ ਕੇਸ ਵਿਚ ਰਸੀਵਰ ਲਗਾਉਣ ਸਬੰਧੀ ਕੋਈ ਹਦਾਇਤ ਉਪਲਭਧ ਨਹੀਂ ਹੈ। ਇਸ ਲਈ ਕਮਿਸ਼ਨ ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਤੋਂ ਸੰਤੁਸਟ ਹੈ। ਇਸ ਲਈ **ਇਹ ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**ਮਿਤੀ: ਚੰਡੀਗੜ੍ਹ, 20 ਜਨਵਰੀ, 2020.**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਗੋਤਮ ਸਹਿਗਲ ਮੋ: 9915412163
730 ਸੈਕਟਰ,8 ਬੀ, ਚਡੀਗੜ੍ਹ। -----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਫਸਰ
ਦਫਤਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ।

ਪਹਿਲੀ ਅਪੀਲੀ ਅਥਾਰਟੀ,
ਵਾਇਸ ਚਾਂਸਲਰ, ਦਫਤਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ । -----ਉੱਤਰਦਾਤਾ

**ਅਪੀਲ ਕੇਸ ਨੰ:3914 ਆਫ 2019**

**ਹਾਜ਼ਰ**

1) ਅਪੀਲਕਰਤਾ ਸ੍ਰੀ ਗੋਤਮ ਸਹਿਗਲ ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਸਰਬਜੀਤ ਸਿੰਘ, ਸੁਪਰਡੰਟ (9417854691) ।

**ਹੁਕੱਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 26-04-2019 , ਲੋਕ ਸੂਚਨਾ ਅਧਿਕਾਰੀ ਦਫਤਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਸਮੈਸਟਰ ਸਿਸਟਮ ਪ੍ਰਿਖਿਆ ਦੇ ਰੂਲ ਅਤੇ ਰੈਗੂਲੇਸ਼ਨ ਨਾਲ ਸਬੰਧਤ 03 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 25-06-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 18-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 29-11-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 20-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਸ੍ਰੀ ਗੋਤਮ ਸਹਿਗਲ ਪੇਸ਼ੀ ਤੇ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਮੰਗੀ ਗਈ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਸਰਬਜੀਤ ਸਿੰਘ, ਸੁਪਰਡੰਟ ਹਾਜ਼ਰ ਹੋਇਆ, ਉਸ ਵਲੋਂ ਪੱਤਰ ਨੰ: 014/ਆਰ.ਟੀ.ਆਈ. ਮਿਤੀ 17-01-2020 ਪੇਸ਼ ਕੀਤਾ ਗਿਆ ਅਤੇ ਉੱਤਾਰਾ ਅਪੀਲਕਰਤਾ ਨੂੰ ਵੀ ਕੀਤਾ ਗਿਆ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਉੱਤਰਦਾਤਾ ਦੇ ਨੁਮਾਇੰਦੇ ਵਲੋਂ ਪੇਸ਼ ਕੀਤੇ ਗਏ ਉਕਤ ਪੱਤਰ ਮਿਤੀ 17-01-2020 ਰਾਹੀਂ ਅਪੀਲਕਰਤਾ ਦੀ ਮੰਗ ਅਨੁਸਾਰ ਨੁਕਤਾਵਾਰ ਸੂਚਨਾ ਦਿੱਤੀ ਗਈ ਹੈ ਅਤੇ ਲਿਆਂਦੀ ਗਈ ਸੂਚਨਾ ਪੇਸ਼ੀ ਦੋਰਾਨ ਦਸਤੀ ਅਪੀਲਕਰਤਾ ਨੂੰ ਦੇ ਦਿਤੀ ਗਈ। ਸੂਚਨਾ ਲੇਟ ਦੇਣ ਦੇ ਸਬੰਧ ਵਿਚ ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਦਸਿਆ ਗਿਆ ਕਿ ਉਨ੍ਹਾਂ ਪਾਸ ਅਪੀਲਕਰਤਾ ਦੇ ਪਰਟੀਕੁਲਰ ਨਹੀਂ ਸਨ ਜ਼ੋ ਉਨ੍ਹਾਂ ਵਲੋਂ ਅਪੀਲਕਰਤਾ ਪਾਸੋਂ ਮੰਗੇ ਗਏ ਜਿਸ ਕਾਰਨ ਸੂਚਨਾ ਦੇਣ ਵਿਚ ਦੇਰੀ ਹੋਈ। ਅਪੀਲਕਰਤਾ ਵਲੋਂ ਪੇਸ਼ੀ ਦੋਰਾਨ ਦਿੱਤੀ ਗਈ ਸੂਚਨਾ ਤੇ ਤਰੁੱਟੀਆਂ ਪੇਸ਼ ਕਰਨ ਸਬੰਧੀ ਸਮੇਂ ਦੀ ਮੰਗ ਕੀਤੀ ਗਈ। ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰਾਪਤ ਸੂਚਨਾ ਵਿਚ ਕੋਈ ਤਰੁੱਟੀਆਂ ਪਾਈਆਂ ਜਾਂਦੀਆਂ ਹਨ ਤਾਂ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਲਿਖਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਦੂਰ ਕਰਦੇ ਹੋਏ ਅਗਲੀ ਪੇਸ਼ੀ ਤੋਂ ਪਹਿਲਾਂ ਪਹਿਲਾਂ ਉਸਨੂੰ ਲਿਖਤੀ ਰੂਪ ਵਿਚ ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ **ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 10-02-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 20 ਜਨਵਰੀ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਨਰਿੰਦਰ ਸਿੰਘ ਪੁੱਤਰ ਲੇਟ ਸ੍ਰੀ ਮੋਹਨ ਸਿੰਘ,
ਮਕਾਨ ਨੰ: 475 ਫੇਜ਼ 6, ਮੋਹਾਲੀ। -----ਸ਼ਿਕਾਇਤਕਰਤਾ

ਬਨਾਮ

ਲੋਕ ਸੂਚਨਾ ਅਫਸਰ
ਦਫਤਰ, ਮੈਨੇਜਿੰਗ ਡਾਇਰੈਕਟਰ,
ਪੰਜਾਬ ਸਮਾਲ ਸਕੇਲ ਇੰਨਡਸਟਰੀਜ਼ ਐਂਡ
ਐਕਸਪੋਰਟ ਕਾਰਪੋਰੇਸ਼ਨ ਲਿ: ਸੈਕਟਰ 17, ਚੰਡੀਗੜ੍ਹ। ------ਉੱਤਰਦਾਤਾ

**ਸ਼ਿਕਾਇਤ ਕੇਸ ਨੰ: 930 ਆਫ 2019**

**ਹਾਜ਼ਰ**

1) ਸ਼ਿਕਾਇਤਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਜ਼ਸਵੰਤ ਸਿੰਘ ਸੀਨੀਅਰ ਅਗਜੈਕਟੀਵ(9872615390)।

**ਹੁਕੱਮ:**

ਸ਼ਿਕਾਇਤਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 17-07-2019, ਲੋਕ ਸੂਚਨਾ ਅਧਿਕਾਰੀ ਦਫਤਰ ਮੈਨੇਜਿੰਗ ਡਾਇਰੈਕਟਰ, ਪੰਜਾਬ ਸਮਾਲ ਸਕੇਲ ਇੰਨਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਲਿ: ਸੈਕਟਰ 17, ਚੰਡੀਗੜ੍ਹ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਐਫ 98 ਫੇਜ਼, 7, ਇੰਡਸਟਰੀਅਲ ਏਰੀਆ ਦੇ ਪਲਾਟ ਨਾਲ ਸਬੰਧਤ 02 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 18-10-2019 ਨੂੰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 29-11-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 20-01-2020 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ।

2. ਸ਼ਿਕਾਇਤਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਜਾਣਕਾਰੀ ਪ੍ਰਾਪਤ ਹੋਈ ਹੈ। ਉਸਨੂੰ ਭੇਜਿਆ ਗਿਆ ਸੁਣਵਾਈ ਸਬੰਧੀ ਨੋਟਿਸ ਵੀ ਵਾਪਸ ਇਸ ਦਫਤਰ ਨੂੰ ਪ੍ਰਾਪਤ ਹੋਇਆ ਹੈ। ਉਸਨੂੰ ਟੈਲੀਫੋਨ (ਨੰ: 0815814234 ਜ਼ੋ ਆਰ.ਟੀ.ਆਈ ਅਰਜੀ ਤੇ ਦਿੱਤਾ ਗਿਆ ਹੈ) ਵੀ ਕੀਤਾ ਗਿਆ ਪਰ ਉਸ ਵਲੋਂ ਟੈਲੀਫੋਨ ਵੀ ਨਹੀਂ ਚੁੱਕਿਆ ਗਿਆ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਜ਼ਸਵੰਤ ਸਿੰਘ ਸੀਨੀਅਰ ਅਗਜੈਕਟੀਵ ਹਾਜ਼ਰ ਹੋਇਆ, ਉਸ ਵਲੋਂ ਪੱਤਰ ਨੰ: ਪਲਉਨਿਨਿ/ਪੀ.ਆਈ.ਓ. (ਮਿਲਖ)/43156 ਮਿਤੀ 17-01-2020 ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ ਅਤੇ ਸ਼ਿਕਾਇਤਕਰਤਾ ਨੂੰ ਉਤਾਰਾ ਕੀਤਾ ਗਿਆ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਸ਼ਿਕਾਇਤਕਰਤਾ ਹਾਜ਼ਰ ਨਹੀਂ ਹੋਇਆ, ਉੱਤਰਦਾਤਾ ਵਲੋਂ ਸ਼ਿਕਾਇਤਕਰਤਾ ਨੂੰ ਉਕੱਤ ਪੱਤਰ ਮਿਤੀ 17-01-2020 ਅਨੁਸਾਰ ਦਸਿਆ ਗਿਆ ਕਿ ਮੰਗੀ ਗਈ ਸੂਚਨਾ ਪੱਤਰ ਨੰ: ਪੀ.ਐਸ.ਆਈ.ਈ.ਸੀ./ਅਸਟੇਟ/42092-93 ਮਿਤੀ 09-01-2020 ਰਾਹੀਂ ਭੇਜ਼ ਦਿੱਤੀ ਗਈ ਹੈ। ਇਸ ਲਈ ਸ਼ਿਕਾਇਤਕਰਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰਾਪਤ ਸੂਚਨਾ ਵਿਚ ਕੋਈ ਤਰੁੱਟੀਆਂ ਪਾਈਆਂ ਜਾਂਦੀਆਂ ਹਨ ਤਾਂ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਲਿਖਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਉੱਤਰਦਾਤਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸ਼ਿਕਾਇਤਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਦੂਰ ਕਰਦੇ ਹੋਏ ਅਗਲੀ ਪੇਸ਼ੀ ਤੋਂ ਪਹਿਲਾਂ ਪਹਿਲਾਂ ਉਸਨੂੰ ਲਿਖਤੀ ਰੂਪ ਵਿਚ ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ **ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 11-02-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੜਕ ਸਿੰਘ ਬਰਾੜ)**

**ਮਿਤੀ: ਚੰਡੀਗੜ੍ਹ, 20 ਜਨਵਰੀ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ।**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਪਵਨ ਕੁਮਾਰ ਸ਼ਰਮਾ 9463950619
ਕੋਠੀ ਨੰ 585 ਫੇਸ 2 ਮੁਹਾਲੀ ----ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,ਦਫਤਰ ਜਿਲਾ ਮੈਨੇਜਰ ,
ਜਿਲਾ ਇੰਡਸਟਰੀਜ ਸੈਂਟਰ ਮੁਹਾਲੀ।
ਪਹਿਲੀ ਅਪੀਲੀ ਅਥਾਰਟੀ,
ਦਫਤਰ ਜਿਲਾ ਮੈਨੇਜਰ ,ਜਿਲਾ ਇੰਡਸਟਰੀਜ ਸੈਂਟਰ ਮੁਹਾਲੀ। ----ਉੱਤਰਦਾਤਾ

**ਅਪੀਲ ਕੇਸ ਨੰ: 3469/2019**

**ਹਾਜ਼ਰ:-**

1) ਅਪੀਲਕਰਤਾ ਪਵਨ ਕੁਮਾਰ ਸ਼ਰਮਾ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀਮਤੀ ਪ੍ਰੇਮ ਲਤਾ, ਸੁਪਰਡੰਟ (8146618936) ਅਤੇ ਸ੍ਰੀ ਜਗਜੀਤ ਸਿੰਘ ਜੇ.ਟੀ.ਏ.(9872281746)।

**ਹੁੱਕਮ:**

ਪਿਛਲੀ ਪੇਸ਼ੀ ਦੀ ਮਿਤੀ 03-12-2019 ਨੂੰ ਪੇਸ਼ੀ ਤੇ ਅਪੀਲਕਰਤਾ ਪਵਨ ਕੁਮਾਰ ਸ਼ਰਮਾ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਪਾਈਆਂ ਗਈਆਂ ਤਰੁੱਟੀਆਂ ਸਬੰਧੀ ਅਜੇ ਤੱਕ ਕੋਈ ਉੱਤਰ ਪ੍ਰਾਪਤ ਨਹੀਂ ਹੋਇਆ।ਉਸ ਵਲੋਂ ਇਹ ਵੀ ਦਸਿਆ ਗਿਆ ਕਿ ਤਰੁੱਟੀਆਂ ਸਬੰਧੀ ਪੱਤਰ ਉੱਤਰਦਾਤਾ ਨੂੰ ਭੇਜ ਦਿੱਤਾ ਗਿਆ ਸੀ ਅਤੇ ਉਨ੍ਹਾਂ ਨਾਲ ਟੈਲੀਫੋਨ ਤੇ ਗੱਲ ਵੀ ਹੋਈ ਤਰੁੱਟੀਆਂ ਦੂਰ ਕਰਨ ਲਈ ਵਾਹਦਾ ਵੀ ਕੀਤਾ ਗਿਆ ਸੀ, ਪਰ ਉਹ ਅੱਜ ਹਾਜ਼ਰ ਨਹੀਂ ਹੋਇਆ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ। ਉੱਤਰਦਾਤਾ ਦਾ ਨੁਮਾਇੰਦਾ ਪਿਛਲੀ ਮਿਤੀ ਤੇ ਐਕਸੀਡੈਂਟ ਹੋਣ ਕਾਰਨ ਸੁਣਵਾਈ ਤੇ ਹਾਜ਼ਰ ਨਹੀਂ ਸੀ ਹੋਇਆ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਅਗਲੀ ਪੇਸ਼ੀ ਤੇ ਹਾਜ਼ਰ ਹੋ ਕੇ ਆਪਣਾ ਪੱਖ ਪੇਸ਼ ਕਰੇ ਕਿ ਕਿਉਂ ਨਾ ਉਸ ਵਿਰੁੱਧ ਕਾਰਵਾਈ ਕੀਤੀ ਜਾਵੇ। ਇਹ ਕੇਸ ਪਾਈਆਂ ਗਈਆਂ ਤਰੁੱਟੀਆਂ ਨੂੰ ਦੂਰ ਕਰਨ ਲਈ ਨਿਸਚਿਤ ਕੀਤਾ ਗਿਆ ਸੀ ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਅਗਲੀ ਪੇਸ਼ੀ ਤੋਂ ਪਹਿਲਾਂ ਪਹਿਲਾਂ ਅਪੀਲਕਰਤਾ ਵਲੋਂ ਦੱਸੀਆਂ ਗਈਆਂ ਤਰੁੱਟੀਆਂ ਦੂਰ ਕੇ ਕਮਿਸ਼ਨ ਨੂੰ ਸੂਚਿਤ ਕਰੇ। ਇਸ ਲਈ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 20-01-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ। ਕੋਰਟ ਦੀ ਕਾਰਵਾਈ ਉਪਰੰਤ ਸ੍ਰੀ ਜਗਜੀਤ ਸਿੰਘ, ਜੇ.ਟੀ.ਏ. ਅਤੇ ਪ੍ਰੇਮ ਲੱਤਾ, ਸੁਪਰਡੰਟ ਹਾਜ਼ਰ ਹੋਏ। ਉਨ੍ਹਾਂ ਨੂੰ ਕੋਰਟ ਦੀ ਕਾਰਵਾਈ ਅਤੇ ਅਗਲੀ ਮਿਤੀ ਬਾਰੇ ਸੁਚਿਤ ਕਰ ਦਿੱਤਾ ਗਿਆ ਸੀ।

2. ਅਪੀਲਕਰਤਾ ਸ੍ਰੀ ਪਵਨ ਕੁਮਾਰ ਸ਼ਰਮਾ ਹਾਜ਼ਰ ਹੋਇਆ, ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅੱਜੇ ਤੱਕ ਮੁਕੰਮਲ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ।

3. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀਮਤੀ ਪ੍ਰੇਮ ਲਤਾ, ਸੁਪਰਡੰਟ ਅਤੇ ਸ੍ਰੀ ਜਗਜੀਤ ਸਿੰਘ ਜੇ.ਟੀ.ਏ. ਵਲੋਂ ਪੱਤਰ ਪਿੱਠ ਅੰਕਣ ਨੰ: 148 ਮਿਤੀ 17-01-2020 ਪੇਸ਼ ਕੀਤਾ ਗਿਆ ਜ਼ੋ ਅਪੀਲਕਰਤਾ ਨੂੰ ਸੰਬੋਧਤ ਹੈ ਅਤੇ ਕਮਿਸ਼ਨ ਨੂੰ ਉਤਾਰਾ ਕੀਤਾ ਗਿਆ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ।

4. ਉੱਤਰਦਾਤਾ ਵਲੋਂ ਹਾਜ਼ਰ ਨੁੰਮਾਇੰਦਿਆਂ ਵਲੋਂ ਪੇਸ਼ ਕੀਤੇ ਗਏ ਉਕੱਤ ਪੱਤਰ ਮਿਤੀ 17-01-2020 ਵਿਚ ਦਸਿਆ ਗਿਆ ਕਿ ਉਨ੍ਹਾਂ ਦੇ ਦਫਤਰ ਨਾਲ ਸਬੰਧਤ ਸੂਚਨਾ ਅਪੀਲਕਰਤਾ ਨੂੰ ਪਹਿਲਾਂ ਹੀ ਪੱਤਰ ਨੰ: 987 ਮਿਤੀ 16-04-2019 ਰਾਹੀਂ ਨੁਕਤਾਵਾਰ ਸੂਚਨਾ ਮੁੱਹਈਆ ਕਰਵਾ ਦਿੱਤੀ ਗਈ, ਲੜੀ ਨੰ: 1 ਅਤੇ 2 ਸਬੰਧੀ ਜਿਹੜੀ ਸੂਚਨਾ ਉਪਲਭਧ ਨਹੀਂ ਸੀ ਅਤੇ ਦੂਜੇ ਵਿਭਾਗ (ਕਾਰਜਕਾਰੀ ਇੰਨਜੀਨੀਅਰ (ਪੀ.ਡਵਲਿਊ.ਡੀ.) ਐਸ.ਏ.ਐਸ.ਨਗਰ ਮੋਹਾਲੀ) ਨਾਲ ਸਬੰਧਤ ਹੈ ਉਨ੍ਹਾਂ ਨੂੰ ਪੱਤਰ ਮਿਤੀ 24-04-2019 ਰਾਹੀਂ ਸੂਚਨਾ ਮੁਹੱਈਆ ਕਰਾਉਣ ਲਈ ਲਿੱਖ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਅਪੀਲਕਰਤਾ ਦਾ ਪੱਤਰ ਜ਼ੋ ਉਨ੍ਹਾਂ ਦੇ ਦਫਤਰ ਦੇ ਰਸੀਦ ਨੰ: 1500 ਮਿਤੀ 21-11-2019 ਨੂੰ ਪ੍ਰਾਪਤ ਹੋਇਆ ਸੀ ਦੇ ਸਬੰਧ ਵਿਚ ਵੀ ਆਪਣੇ ਪੱਤਰ ਨੰ: 116 ਮਿਤੀ 13-01-2020 ਰਾਹੀਂ ਅਪੀਲਕਰਤਾ ਨੂੰ ਮੁਕੰਮਲ ਸੂਚਨਾ ਮੁਹੱਈਆ ਕਰਵਾ ਦਿੱਤੀ ਗਈ ਸੀ। ਜਿਸਦੀ ਪੁਸਟੀ ਅਪੀਲਕਰਤਾ ਵਲੋਂ ਵੀ ਕੀਤੀ ਗਈ ਕਿ ਉੱਤਰਦਾਤਾ ਦੇ ਦਫਤਰ ਨਾਲ ਸਬੰਧਤ ਸੂਚਨਾ ਪ੍ਰਾਪਤ ਹੋ ਗਈ ਹੈ। ਇਸ ਲਈ ਉਨ੍ਹਾਂ ਨੂੰ ਅਗਲੀ ਪੇਸ਼ੀ ਤੇ ਹਾਜ਼ਰੀ ਤੋਂ ਛੋਟ ਦਿੱਤੀ ਜਾਂਦੀ ਹੈ। ਪਰ ਪੀ.ਡਵਲਿਊ ਡੀ. ਵਿਭਾਗ ਵਲੋਂ ਅੱਜੇ ਤੱਕ ਮੰਗੀ ਗਈ ਸੂਚਨਾ ਉਪਲਭਧ ਨਹੀਂ ਕਰਵਾਈ ਗਈ। ਇਸ ਲਈ ਕਮਿਸ਼ਨ ਵਲੋਂ ਹਦਾਇਤ ਕੀਤੀ ਗਈ ਕਿ ਪੀ.ਡਵਲਿਊ.ਡੀ. ਵਿਭਾਗ ਪੰਜਾਬ ਨੂੰ ਰਿਮਾਇੰਡਰ

ਪਰਤੋ ਜੀ-----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ:** 3469/2019

ਲਾ ਕੇ ਅਪੀਲਕਰਤਾ ਨੂੰ ਸੂਚਨਾ ਮੁਹੱਈਆ ਕਰਾਉਣ ਲਈ ਲਿਖਿਆ ਜਾਵੇ। ਕਾਰਜਕਾਰੀ ਇੰਨਜੀਨੀਅਰ (ਪੀ.ਡਵਲਿਊ.ਡੀ.) ਐਸ.ਏ.ਐਸ.ਨਗਰ ਮੋਹਾਲੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਵਲੋਂ ਉਨ੍ਹਾਂ ਦੇ ਵਿਭਾਗ ਨਾਲ ਸਬੰਧਤ ਮੰਗੀ ਗਈ ਸੂਚਨਾ ਉਸਨੂੰ ਮੁਹੱਈਆ ਕਰਵਾਉਂਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ **ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 02-03-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ

ਮਿਤੀ: ਚੰਡੀਗੜ੍ਹ, 20 ਜਨਵਰੀ, 2020.

ਕਾਪੀ: ਕਾਰਜਕਾਰੀ ਇੰਨਜੀਨਿਅਰ, (ਪੀ.ਡਵਲਿਊ.ਡੀ.) ਐਸ.ਏ.ਐਸ.ਨਗਰ ਮੋਹਾਲੀ
ਨੂੰ ਲੋੜੀਂਦੀ ਕਾਰਵਾਈ ਹਿੱਤ।

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਮਨਜਿੰਦਰ ਸਿੰਘ, ਮੋ: 98720-15069
2469, ਸੱਨੀ ਐਨਕਲੇਵ, ਸੈਕਟਰ, 125,
ਖਰੜ, ਜਿਲਾ ਮੋਹਾਲੀ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ,
ਦਫਤਰ, ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਹੁਸ਼ਿਆਰਪੁਰ।

ਪਹਿਲੀ ਅਪੀਲੀ ਅਥਾਰਟੀ
ਦਫਤਰ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ, ਚੰਡੀਗੜ੍ਹ। ----------ਉੱਤਰਦਾਤਾ

**ਅਪੀਲ ਕੇਸ ਨੰ: 3728 /2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਜਤਿੰਦਰ ਸਿੰਘ, ਜੁਨੀਅਰ ਸਹਾਇਕ (9915630949)।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 01-07-2019 , ਲੋਕ ਸੂਚਨਾ ਅਧਿਕਾਰੀ ਦਫਤਰ, ਦਫਤਰ, ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਹੁਸ਼ਿਆਰਪੁਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਟਰਾਂਸਪੋਰਟ ਵਿਭਾਗ ਹੁਸ਼ਿਆਰਪੁਰ ਤੋਂ ਅਗਸਤ ਤੋਂ ਦਸੰਬਰ, 2018 ਤੱਕ ਚਲਾਨਾਂ ਨਾਲ ਸਬੰਧ 06 ਨੁਕਤਿਆਂ ਨਾਲ ਸਬੰਧਤ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 20-08-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 07-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 01-11-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 04-12-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਮਿਤੀ 04-12-2019 ਨੂੰ ਅਪੀਲਕਰਤਾ ਅਤੇ ਉੱਤਰਦਾਤਾ ਵਲੋਂ ਪੇਸ਼ੀ ਤੇ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ। ਇਸ ਲਈ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 20-01-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਜਤਿੰਦਰ ਸਿੰਘ, ਜੁਨੀਅਰ ਸਹਾਇਕ ਹਾਜ਼ਰ ਹੋਇਆ, ਉਸ ਵਲੋਂ ਪੱਤਰ ਨੰ: 1734 ਆਰ.ਟੀ.ਏ./ਹੁਸ਼ਿਆਰਪੁਰ ਮਿਤੀ 17-01-2020 ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਹੈ ਅਤੇ ਅਪੀਲਕਰਤਾ ਨੂੰ ਉਤਾਰਾ ਕੀਤਾ ਗਿਆ ਹੈ। ਮਿਸਲ ਤੇ ਉਪਲਭਧ ਹੈ।

5. ਅਪੀਲਕਰਤਾ ਅੱਜ ਪੇਸ਼ੀ ਤੇ ਹਾਜ਼ਰ ਨਹੀਂ ਹੋਇਆ ਪਰ ਉੱਤਰਦਾਤਾ ਵਲੋਂ ਹਾਜ਼ਰ ਨੁਮਾਇੰਦੇ ਵਲੋਂ ਪੇਸ਼ ਕੀਤੇ ਗਏ ਉਕਤ ਪੱਤਰ ਮਿਤੀ 17-1-2020 ਰਾਹੀਂ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ ਨਾਲ ਸਬੰਧਤ 06 ਨੁਕਤਿਆਂ ਸਬੰਧੀ ਨੁਕਤਾਵਾਰ ਸੂਚਨਾ ਪੇਸ਼ ਕੀਤੀ ਗਈ ਜ਼ੋ ਕਿ ਅਪੀਲਕਰਤਾ ਨੂੰ ਵੀ ਭੇਜ਼ ਦਿੱਤੀ ਗਈ ਹੈ। ਜਿਸ ਸਬੰਧੀ ਪੋਸਟ ਆਫਿਸ ਦੀ ਰਸੀਟ ਦੀ ਕਾਪੀ ਵੀ ਪੇਸ਼ ਕੀਤੀ ਗਈ ਹੈ। ਇਸ ਤਰ੍ਹਾਂ ਉੱਤਰਦਾਤਾ ਵਲੋਂ ਦਿੱਤੀ ਗਈ ਅਪੀਲਕਰਤਾ ਨੂੰ ਭੇਜੀ ਗਈ ਸੂਚਨਾ ਤੋਂ ਕਮਿਸ਼ਨ ਸੰਤੁਸ਼ਟ ਹੈ। ਇਸ ਲਈ ਇਸ ਅਪੀਲ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ। ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ

**ਮਿਤੀ: ਚੰਡੀਗੜ੍ਹ,** 20 ਜਨਵਰੀ, 2020.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਮਨਜਿੰਦਰ ਸਿੰਘ, ਮੋ: 98720-15069
2469, ਸੱਨੀ ਐਨਕਲੇਵ, ਸੈਕਟਰ, 125,
ਖਰੜ, ਜਿਲਾ ਮੋਹਾਲੀ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ,
ਦਫਤਰ, ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਸੰਗਰੂਰ।

ਪਹਿਲੀ ਅਪੀਲੀ ਅਥਾਰਟੀ
ਦਫਤਰ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ, ਚੰਡੀਗੜ੍ਹ। ----------ਉੱਤਰਦਾਤਾ

**ਅਪੀਲਕੇਸ ਨੰ: 3729 /2019**

**ਹਾਜ਼ਰ:-**

1) ਅਪੀਲਕਰਤਾ ਸ੍ਰੀ ਮਨਜਿੰਦਰ ਸਿੰਘ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਜੀ.ਐਸ.ਸੰਧੂ, ਏ.ਟੀ.ਓ. (9814069272) ।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 01-07-2019 , ਲੋਕ ਸੂਚਨਾ ਅਧਿਕਾਰੀ ਦਫਤਰ, ਦਫਤਰ, ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਸੰਗਰੂਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਟਰਾਂਸਪੋਰਟ ਵਿਭਾਗ ਸੰਗਰੂਰ ਤੋਂ ਜੂਨ ਤੋਂ ਸਤੰਬਰ, 2017 ਤੱਕ ਚਲਾਨਾਂ ਨਾਲ ਸਬੰਧ 05 ਨੁਕਤਿਆਂ ਨਾਲ ਸਬੰਧਤ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 20-08-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 07-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 01-11-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 04-12-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਮਿਤੀ 04-12-2019 ਨੂੰ ਅਪੀਲਕਰਤਾ ਵਲੋਂ ਪੇਸ਼ੀ ਤੇ ਕੋਈ ਹਾਜ਼ਰ ਨਹੀਂ ਹੋਇਆ। ਉੱਤਰਦਾਤਾ ਵਲੋਂ ਪੇਸ਼ੀ ਤੇ ਕੋਈ ਹਾਜ਼ਰ ਨਹੀਂ ਹੋਇਆ ਅਤੇ ਪਰ ਉਨ੍ਹਾ ਵਲੋਂ ਈ.ਮੇਲ ਰਾਹੀਂ ਆਪਣੇ ਪੱਤਰ ਨੰ: 6783 ਮਿਤੀ 04-12-2019 ਰਾਹੀਂ ਮਿਤੀ 15-12-2019 ਤੋਂ ਬਾਅਦ ਦੀ ਤਾਰੀਖ ਮੰਗੀ ਗਈ ਹੈ ਕਿਉਂਜ਼ੋ ਪੀ.ਆਈ.ਓ. ਐਕਸ ਇੰਡੀਆ ਲੀਵ ਤੇ ਹੈ। ਪੇਸ਼ੀ ਤੇ ਦੋਨਾਂ ਧਿਰਾਂ ਵਲੋਂ ਕੋਈ ਹਾਜ਼ਰ ਨਹੀਂ ਹੋਇਆ । ਉੱਤਰਦਾਤਾ ਦੀ ਉਕਤ ਪੱਤਰ ਰਾਹੀਂ ਕੀਤੀ ਗਈ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 20-01-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਸ੍ਰੀ ਮਨਜਿੰਦਰ ਸਿੰਘ ਪੇਸ਼ੀ ਤੇ ਹਾਜ਼ਰ ਹੋਇਆ। ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਮੰਗੀ ਗਈ ਸੂਚਨਾ ਮੁਹੱਈਆ ਨਹੀਂ ਕਰਵਾਈ ਗਈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਜੀ.ਐਸ.ਸੰਧੂ, ਏ.ਟੀ.ਓ. ਹਾਜ਼ਰ ਹੋਏ, ਉਸ ਵਲੋਂ ਲਿਆਂਦੀ ਗਈ ਸੂਚਨਾ ਕਮਿਸ਼ਨ ਨੂੰ ਪੇਸ਼ ਕੀਤੀ ਗਈ ਜ਼ੋ ਕਿ ਸਹੀ ਨਾ ਹੋਣ ਕਰਕੇ ਉਨ੍ਹਾਂ ਨੂੰ ਹਦਾਇਤ ਕੀਤੀ ਗਈ ਕਿ ਨੁਕਤਾਵਾਰ ਅਤੇ ਸਹੀ ਸੂਚਨਾ ਅਪੀਲਕਰਤਾ ਨੂੰ ਅਗਲੀ ਪੇਸ਼ੀ ਤੋਂ ਪਹਿਲਾਂ ਪਹਿਲਾਂ ਭੇਜ ਕੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ **ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 11-02-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

**(ਨਿਧੱੜਕ ਸਿੰਘ ਬਰਾੜ)**
**ਮਿਤੀ: ਚੰਡੀਗੜ੍ਹ, 20 ਜਨਵਰੀ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਮਨਜਿੰਦਰ ਸਿੰਘ, ਮੋ: 98720-15069
2469, ਸੱਨੀ ਐਨਕਲੇਵ, ਸੈਕਟਰ, 125,
ਖਰੜ, ਜਿਲਾ ਮੋਹਾਲੀ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ,
ਦਫਤਰ, ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਫਿਰੋਜ਼ਪੁਰ।

ਪਹਿਲੀ ਅਪੀਲੀ ਅਥਾਰਟੀ
ਦਫਤਰ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ, ਚੰਡੀਗੜ੍ਹ। ----------ਉੱਤਰਦਾਤਾ

**ਅਪੀਲਕੇਸ ਨੰ: 3730 /2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਜ਼ਸਵਿੰਦਰ ਸਿੰਘ, ਡਾਟਾ ਐਂਟਰੀ ਓਪਰੇਟਰ (7837447849)

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 01-07-2019 , ਲੋਕ ਸੂਚਨਾ ਅਧਿਕਾਰੀ ਦਫਤਰ, ਦਫਤਰ, ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਫਿਰੋਜ਼ਪੁਰ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਟਰਾਂਸਪੋਰਟ ਵਿਭਾਗ ਫਿਰੋਜ਼ਪੁਰ ਤੋਂ ਸਤੰਬਰ ਤੋਂ ਦਸੰਬਰ, 2017 ਤੱਕ ਚਲਾਨਾਂ ਨਾਲ ਸਬੰਧ 14 ਨੁਕਤਿਆਂ ਨਾਲ ਸਬੰਧਤ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 20-08-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 07-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 01-11-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 04-12-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਮਿਤੀ 04-12-2019 ਨੂੰ ਅਪੀਲਕਰਤਾ ਵਲੋਂ ਕੋਈ ਹਾਜਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਹਰਕੰਵਲ ਸਿੰਘ ਡਾਟਾ ਐਟਰੀ ਓਪਰੇਟਰ ਹਾਜ਼ਰ ਹੋਇਆ । ਉਸ ਵਲੋਂ ਪੱਤਰ ਨੰ: ਆਰ.ਟੀ.ਏ./ਫਿਰੋਜ਼ਪੁਰ/1433 ਮਿਤੀ 28-11-2019 ਪੇਸ਼ ਕੀਤਾ ਗਿਆ ਜਿਸ ਰਾਹੀਂ ਉਸਦੀ ਡਿਊਟੀ ਲਗਾਈ ਗਈ ਹੈ ਅਤੇ ਪੱਤਰ ਨੰ: ਆਰ.ਟੀ.ਏ./ਫਿਰੋਜ਼ਪੁਰ/1429 ਮਿਤੀ 28-11-2019 ਪੇਸ਼ ਕੀਤਾ ਗਿਆ ਜ਼ੋ ਕਮਿਸਨ ਨੂੰ ਸੰਬੋਧਤ ਹੈ ਅਤੇ ਉਤਾਰਾ ਅਪੀਲਕਰਤਾ ਨੂੰ ਸੀ। ਜਿਸ ਰਾਹੀਂ ਦਸਿਆ ਗਿਆ ਕਿ ਅਪੀਲਕਰਤਾ ਨੂੰ ਪਹਿਲਾਂ ਹੀ ਪੱਤਰ ਨੰ: ਆਰ.ਟੀ.ਏ./ਫਿਰੋਜ਼ਪੁਰ/ 843 ਮਿਤੀ 03-08-2019 ਰਾਹੀਂ ਪ੍ਰਾਰਥੀ ਵਲੋਂ ਜ਼ੋ 14 ਨੁਕਤਿਆਂ ਦੀ ਸੂਚਨਾ ਦੀ ਮੰਗ ਕੀਤੀ ਗਈ ਸੀ ਜ਼ੋ ਕਿ ਮੁਹੱਈਆ ਕਰਵਾ ਦਿੱਤੀ ਗਈ ਸੀ ਕਿ ਜਿਸ ਫਾਰਮੇਟ ਵਿਚ ਸੂਚਨਾ ਮੰਗੀ ਹੈ ਇਸ ਫਾਰਮੇਟ ਵਿਚ ਤਿਆਰ ਨਹੀਂ ਕੀਤੀ ਜਾਂਦੀ, ਸਾਫਟਵੇਅਰ ਵਿਚ ਕੁੱਲ ਪ੍ਰਾਪਤ ਹੋਈਆਂ ਅਰਜੀਆਂ ਦੀ ਰਿਪੋਰਟ ਸ਼ੋਅ ਹੁੰਦੀ ਹੈ, ਜਿਸਦੀ ਫੋਟੋ ਕਾਪੀ ਭੇਜ਼ ਦਿੱਤੀ ਗਈ ਸੀ। ਇਸ ਲਈ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਉਨ੍ਹਾਂ ਵਲੋਂ ਜਿਹੜੀ ਜਾਣਕਾਰੀ ਮਿਤੀ 3-08-2019 ਨੂੰ ਭੇਜੀ ਗਈ ਸੀ ਉਸਨੂੰ ਦੁਬਾਰਾ ਭੇਜੀ ਜਾਵੇ ਅਤੇ ਹੁਣ ਮੁੜ ਵਿਸਥਾਰਪੂਰਵਕ ਸੂਚਨਾ ਭੇਜਦੇ ਹੋਏ ਦਸਿਆ ਜਾਵੇ ਕਿ ਇਕ ਪੱਤਰ ਪਹਿਲਾਂ ਵੀ ਲਿਖਿਆ ਗਿਆ ਸੀ। ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਪ੍ਰਾਪਤ ਸੂਚਨਾ ਵਿਚ ਕੋਈ ਤਰੁੱਟੀਆਂ ਪਾਈਆਂ ਜਾਂਦੀਆਂ ਹਨ ਤਾਂ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਲਿਖਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਦੂਰ ਕਰਦੇ ਹੋਏ ਅਗਲੀ ਪੇਸ਼ੀ ਤੋਂ ਪਹਿਲਾਂ ਪਹਿਲਾਂ ਉਸਨੂੰ ਲਿਖਤੀ ਰੂਪ ਵਿਚ ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 20-01-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਅਪੀਲਕਰਤਾ ਵਲੋਂ ਕੋਈ ਹਾਜਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਜ਼ਸਵਿੰਦਰ ਸਿੰਘ, ਡਾਟਾ ਐਂਟਰੀ ਓਪਰੇਟਰ ਹਾਜ਼ਰ ਹੋਇਆ

ਪਰਤੋ ਜੀ -----ਚਲਦਾ ਪੰਨਾ /2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲਕੇਸ ਨੰ: 3730 /2019**

ਉਸ ਵਲੋਂ ਪੱਤਰ ਨੰ: ਆਰ.ਟੀ.ਏ./ਫਿਰੋਜ਼ਪੁਰ/1657 ਮਿਤੀ 16-01-2020 ਪੇਸ਼ ਕੀਤਾ ਗਿਆ ਜਿਸ ਵਿਚ ਮੁੜ ਇਹ ਹੀ ਦਸਿਆ ਗਿਆ ਕਿ ਜਿਸ ਫਾਰਮੇਟ ਵਿਚ ਸੂਚਨਾ ਮੰਗੀ ਗਈ ਹੈ ਇਸ ਫਾਰਮੇਟ ਵਿਚ ਸੂਚਨਾ ਤਿਆਰ ਨਹੀਂ ਕੀਤੀ ਜਾਂਦੀ । ਕੇਵਲ ਕੁਲ ਪ੍ਰਾਪਤ ਹੋਈਆਂ ਅਰਜੀਆਂ ਦੀ ਰਿਪੋਰਟ ਸੋਅ ਹੁੰਦੀ ਹੈ। ਪੱਤਰ ਮਿਸਲ ਤੇ ਰੱਖ ਲਿਆ ਗਿਆ ਹੈ। ਕਮਿਸ਼ਨ ਵਲੋਂ ਹਾਜ਼ਰ ਨੁਮਾਇੰਦੇ ਨੂੰ ਹਦਾਇਤ ਕੀਤੀ ਗਈ ਕਿ ਜ਼ੋ ਸੂਚਨਾ ਉਪਲਭਧ ਹੈ ਉਸ ਸਬੰਧੀ ਨੁਕਤਾਵਾਰ ਸੂਚਨਾ ਅਪੀਲਕਰਤਾ ਨੂੰ ਅਗਲੀ ਮਿਤੀ ਤੋਂ ਪਹਿਲਾਂ ਪਹਿਲਾਂ ਮੁਹੱਈਆ ਕਰਵਾ ਕੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ **ਇਹ ਅਪੀਲ ਕੇਸ ਅਗਲੀ ਸੁਣਵਾਈ ਲਈ ਮਿਤੀ 11-02-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
ਰਾਜ ਸੂਚਨਾ ਕਮਿਸ਼ਨਰ, ਪੰਜਾਬ

ਮਿਤੀ: ਚੰਡੀਗੜ੍ਹ, 20 ਜਨਵਰੀ, 2020.

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ੍ਰੀ ਮਨਜਿੰਦਰ ਸਿੰਘ, ਮੋ: 98720-15069
2469, ਸੱਨੀ ਐਨਕਲੇਵ, ਸੈਕਟਰ, 125,
ਖਰੜ, ਜਿਲਾ ਮੋਹਾਲੀ। --------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ ,
ਦਫਤਰ, ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ।

ਪਹਿਲੀ ਅਪੀਲੀ ਅਥਾਰਟੀ
ਦਫਤਰ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ, ਚੰਡੀਗੜ੍ਹ। ----------ਉੱਤਰਦਾਤਾ

**ਅਪੀਲਕੇਸ ਨੰ: 3731 /2019**

**ਹਾਜ਼ਰ:-**

1) ਅਪੀਲਕਰਤਾ ਵਲੋਂ ਕੋਈ ਨਹੀਂ।
2) ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਨਹੀਂ।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 01-07-2019 , ਲੋਕ ਸੂਚਨਾ ਅਧਿਕਾਰੀ ਦਫਤਰ, ਦਫਤਰ, ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਨੇ ਜਿਲ੍ਹਾ ਮਾਨਸਾ ਦੀਆਂ ਪ੍ਰਾਇਵੇਟ ਪੈਸੰਜਰ ਬੱਸ ਕੰਪਨੀਆਂ, ਮਾਨਸਾ ਤੋਂ ਸਾਲ 2013 ਤੋਂ 2017 ਨਾਲ ਸਬੰਧਤ 03 ਨੁਕਤਿਆਂ ਸਬੰਧੀ ਸੂਚਨਾ ਮੰਗੀ ਗਈ ਸੀ। ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 20-08-2019 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 07-10-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ 01-11-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 04-12-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

2. ਮਿਤੀ 04-12-2019 ਨੂੰ ਅਪੀਲਕਰਤਾ ਸ੍ਰੀ ਮਨਜਿੰਦਰ ਸਿੰਘ ਹਾਜ਼ਰ ਹੋਇਆ , ਉਸ ਵਲੋਂ ਦਸਿਆ ਗਿਆ ਕਿ ਉਸਨੂੰ ਅਜੇ ਤੱਕ ਕੋਈ ਸੂਚਨਾ ਨਹੀਂ ਦਿੱਤੀ ਗਈ। ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਗੁਰਦਿਆਲ ਸਿੰਘ, ਵਕੀਲ ਹਾਜ਼ਰ ਹੋਇਆ, ਉਸ ਵਲੋਂ ਪੱਤਰ ਨੰ: 4237 ਮਿਤੀ 26-11-2019 ਪੇਸ਼ ਕੀਤਾ ਗਿਆ ਜ਼ੋ ਕਮਿਸ਼ਨ ਨੂੰ ਸੰਬੋਧਤ ਸੀ ਇਸ ਪੱਤਰ ਰਾਹੀਂ ਦਸਿਆ ਗਿਆ ਕਿ ਅਪੀਲਕਰਤਾ ਨੂੰ ਮਿਤੀ 16-07-2019 ਰਾਹੀਂ ਪਹਿਲਾਂ ਹੀ ਸੂਚਨਾ ਦਿੱਤੀ ਜਾ ਚੁੱਕੀ ਹੈ। ਪੇਸ਼ੀ ਦੋਰਾਨ ਉੱਤਰਦਾਤਾ ਦੇ ਨੁਮਾਇੰਦੇ ਵਲੋਂ ਲਿਆਂਦੀ ਗਈ ਉੱਕਤ ਪੱਤਰ ਨੰ: 1882 ਮਿਤੀ 16-07-2019 ਅਨੁਸਾਰ ਸੂਚਨਾ ਦਸਤੀ ਅਪੀਲਕਰਤਾ ਨੂੰ ਦਿੱਤੀ ਗਈ। ਜਿਸ ਅਨੁਸਾਰ ਮੰਗੀ ਗਈ ਸੂਚਨਾ ਕ੍ਰਿਏਟ ਕਰਨ ਵਾਲੀ ਸੂਚਨਾ ਹੈ ਅਤੇ ਮਾਨਯੋਗ ਸੁਪਰੀਮ ਕੋਰਟ ਦੀ ਰਿਟ ਪਟੀਸ਼ਨ ਨੰ: 6454/2011 ਅਨੁਸਾਰ ਜ਼ੋ ਉਪਲਬਧ ਹੋਵੇ ਉਹੀ ਦਿੱਤੀ ਜਾਣੀ ਹੈ। ਇਹ ਜਾਣਕਾਰੀ ਕ੍ਰਿਏਟ ਕਰਨੀ ਨਹੀਂ ਬਣਦੀ, ਆਰ.ਟੀ.ਆਈ. ਦੀ ਧਾਰਾ 7(9) ਅਨੁਸਾਰ ਜ਼ੋ ਸੂਚਨਾ ਮੰਗੀ ਜਿਸ ਤਰ੍ਹਾਂ ਮੌਜੂਦ ਹੋਵੇ ਦਿੱਤੀ ਜਾਣੀ ਹੈ।ਇਸ ਲਈ ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਜਿਹੜੀ ਜਾਣਕਾਰੀ ਪੱਤਰ ਮਿਤੀ 16-07-2019 ਰਾਹੀਂ ਭੇਜੀ ਹੋਈ ਹੈ, ਉਸ ਵਿਚ ਕੋਈ ਤਰੁੱਟੀਆਂ ਪਾਈਆਂ ਗਈਆਂ ਹਨ ਤਾਂ ਸਿੱਧੇ ਤੌਰ ਤੇ ਲੋਕ ਸੂਚਨਾ ਅਧਿਕਾਰੀ ਨੂੰ ਲਿਖਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਦੇ ਨਾਲ ਹੀ ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਵਲੋਂ ਦਸੀਆਂ ਗਈਆਂ ਤਰੁੱਟੀਆਂ ਦੂਰ ਕਰਦੇ ਹੋਏ ਅਗਲੀ ਪੇਸ਼ੀ ਤੋਂ ਪਹਿਲਾਂ ਪਹਿਲਾਂ ਉਸਨੂੰ ਲਿਖਤੀ ਰੂਪ ਵਿਚ ਭੇਜਦੇ ਹੋਏ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 20-01-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

3. ਅਪੀਲਕਰਤਾ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜਰ ਨਾ ਹੋਣ ਬਾਰੇ ਕੋਈ ਜਾਣਕਾਰੀ ਪ੍ਰਹਪਤ ਹੋਈ ਹੈ।

4. ਉੱਤਰਦਾਤਾ (ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਪੇਸ਼ ਨਹੀਂ ਹੋਇਆ। ਪਰ ਉਨ੍ਹਾਂ ਵਲੋਂ ਪੱਤਰ ਨੰ: 4417 ਮਿਤੀ 17-01-2020 ਈ.ਮੇਲ ਰਾਹੀਂ ਪ੍ਰਾਪਤ ਹੋਇਆ। ਜ਼ੋ ਮਿਸਲ ਤੇ ਰੱਖ ਲਿਆ ਗਿਆ ਹੈ।

5. ਅਪੀਲਕਰਤਾ ਅਤੇ ਉੱਤਰਦਾਤਾ ਵਲੋਂ ਕੋਈ ਹਾਜ਼ਰ ਨਹੀਂ ਹੋਇਆ ਪਰ ਉੱਤਰਦਾਤਾ ਵਲੋਂ ਈ.ਮੇਲ ਰਾਹੀਂ

ਪਰਤੋ ਜੀ------ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲਕੇਸ ਨੰ:** 3731 /2019

ਉਕਤ ਅਨੁਸਾਰ ਪ੍ਰਾਪਤ ਪੱਤਰ ਮਿਤੀ 17-01-2020 ਰਾਹੀਂ ਸੂਚਿਤ ਕੀਤਾ ਗਿਆ ਹੈ ਕਿ ਕਮਿਸ਼ਨ ਦੇ ਪਿਛਲੀ ਮਿਤੀ 04-12-2019 ਦੇ ਹੁਕੱਮਾਂ ਅਨੁਸਾਰ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਸਬੰਧੀ ਤਰੁੱਟੀਆਂ ਪੇਸ਼ ਕਰਨ ਲਈ ਕਿਹਾ ਗਿਆ ਸੀ , ਜ਼ੋ ਕਿ ਅੱਜੇ ਤੱਕ ਅਪੀਲਕਰਤਾ ਵਲੋਂ ਕੋਈ ਜਵਾਬ ਨਹੀਂ ਆਇਆ, ਜਿਸ ਤੋਂ ਸਾਫ ਹੈ ਕਿ ਅਪੀਲਕਰਤਾ ਉਨ੍ਹਾਂ ਦੇ ਜਵਾਬ ਤੋਂ ਸੰਤੁਸ਼ਟ ਹੈ। ਇਸ ਲਈ ਕਮਿਸ਼ਨ ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਪਿਛਲੀ ਮਿਤੀ ਤੇ ਭੇਜੀ ਗਈ ਸੂਚਨਾ ਤੋਂ ਸਤੁੰਸਟ ਹੈ ਅਤੇ ਅਪੀਲਕਰਤਾ ਵਲੋਂ ਵੀ ਕਮਿਸ਼ਨ ਨੂੰ ਇਸ ਸਬੰਧ ਵਿਚ ਕੋਈ ਤਰੁੱਟੀ ਪੇਸ਼ ਨਹੀਂ ਕੀਤੀ ਗਈ । ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਕੀ ਲੋੜ ਨਹੀਂ। ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)

**ਮਿਤੀ: ਚੰਡੀਗੜ੍ਹ,** 20 **ਜਨਵਰੀ,** 2020. — **ਰਾਜ ਸੂਚਨਾ ਕਮਿਸ਼ਨਰ, ਪੰਜਾਬ**

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**

ਸ਼੍ਰੀ ਭੁਪਿੰਦਰ ਸਿੰਘ (ਮੋਬ: 94170-16572)
ਪੁੱਤਰ ਸ਼੍ਰੀ ਅਜੀਤ ਸਿੰਘ, ਮਕਾਨ ਨੰ:23, ਆਤਮ ਨਗਰ, ਲੁਧਿਆਣਾ। -------ਅਪੀਲਕਰਤਾ

ਬਨਾਮ

ਲੋਕ ਸੂਚਨਾ ਅਧਿਕਾਰੀ,
ਦਫਤਰ ਉਪ ਮੰਡਲ ਮੈਜਿਸਟਰੇਟ (ਪੂਰਬੀ), ਲੁਧਿਆਣਾ।

ਪਹਿਲੀ ਅਪੀਲੀ ਅਥਾਰਟੀ,
ਦਫਤਰ ਵਧੀਕ ਡਿਪਟੀ ਕਮਿਸ਼ਨਰ, ਲੁਧਿਆਣਾ। ------ਉੱਤਰਦਾਤਾ

**ਅਪੀਲ ਕੇਸ ਨੰ: 947/2019**

**ਹਾਜ਼ਰ:-**

1) ਅਪੀਲਕਰਤਾ ਸ਼੍ਰੀ ਭੁਪਿੰਦਰ ਸਿੰਘ ।
2) ਉੱਤਰਦਾਤਾ(ਲੋਕ ਸੂਚਨਾ ਅਧਿਕਾਰੀ) ਵੱਲੋਂ ਕੋਈ ਨਹੀਂ।

**ਹੁੱਕਮ:**

ਅਪੀਲਕਰਤਾ ਨੇ ਸੂਚਨਾ ਦਾ ਅਧਿਕਾਰ ਐਕਟ, 2005 ਅਧੀਨ ਇਕ ਬਿਨੈ ਪੱਤਰ ਮਿਤੀ 12-07-2018, ਲੋਕ ਸੂਚਨਾ ਅਧਿਕਾਰੀ ਦਫਤਰ ਉਪ ਮੰਡਲ ਮੈਜਿਸਟਰੇਟ (ਪੂਰਬੀ), ਲੁਧਿਆਣਾ ਨੂੰ ਪੇਸ਼ ਕੀਤਾ ਸੀ ਜਿਸ ਰਾਹੀਂ ਉਸ ਵੱਲੋਂ ਐਲ.ਆਈ.ਟੀ. ਮੀਮੋਂ:ਨੰ: ਐਲ.ਆਈ.ਟੀ./1118, ਮਿਤੀ 10-02-2004 ਰਾਹੀਂ ਖਸਰਾ ਨੰ:5983//18/1 ਅਤੇ 5983//18/19 ਦੀ ਨਿਸ਼ਾਨਦੇਹੀ (Demarcation) ਲਈ ਕੀਤੀਆਂ ਗਈਆਂ ਬੇਨਤੀਆਂ ਅਤੇ ਅਜਿਹੀਆਂ ਹੀ ਪ੍ਰਤੀਬੇਨਤੀਆਂ, ਮਿਤੀ 16-10-02, 07-06-04, 17-08-04 ਅਤੇ 03-07-06 ਆਦਿ ਤੇ ਕੀਤੀ ਗਈ ਕਾਰਵਾਈ ਬਾਰੇ ਸੂਚਨਾ ਦੀ ਮੰਗ ਕੀਤੀ ਗਈ ਸੀ। ਪਰੰਤੂ ਲੋਕ ਸੂਚਨਾ ਅਧਿਕਾਰੀ ਵੱਲੋਂ ਮੰਗੀ ਗਈ ਸੂਚਨਾ ਨਾ ਦੇਣ ਕਾਰਨ ਉਸ ਨੇ ਮਿਤੀ 31-08-2018 ਨੂੰ ਪਹਿਲੀ ਅਪੀਲੀ ਅਥਾਰਟੀ ਕੋਲ ਅਪੀਲ ਦਾਇਰ ਕੀਤੀ ਸੀ। ਉਸ ਉਪਰੰਤ ਉਸ ਨੇ ਮਿਤੀ 08-03-2019 ਨੂੰ ਕਮਿਸ਼ਨ ਕੋਲ ਦੂਜੀ ਅਪੀਲ ਦਾਇਰ ਕੀਤੀ ਸੀ ਜਿਸ ਨੂੰ ਪੜਚੋਲਣ ਉਪਰੰਤ ਮਿਤੀ ਕਮਿਸ਼ਨ ਵਲੋਂ ਮਿਤੀ 29-03-2019 ਨੂੰ ਨੋਟਿਸ ਜਾਰੀ ਕਰਕੇ ਇਹ ਕੇਸ ਪਹਿਲੀ ਸੁਣਵਾਈ ਮਿਤੀ 30-04-2019 ਨੂੰ ਸਵੇਰੇ 11:30 ਵਜੇ ਲਈ ਨਿਸਚਿਤ ਕੀਤਾ ਗਿਆ ਸੀ।

ਪਿਛਲੀ ਪੇਸ਼ੀ, ਮਿਤੀ 07-11-2019 ਨੂੰ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 02-12-2019 ਲਈ ਨਿਸ਼ਚਿਤ ਕੀਤਾ ਗਿਆ ਸੀ। ਮਿਤੀ 02-12-2019 ਨੂੰ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 03-12-2019 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ। ਮਿਤੀ 03-12-2019 ਨੂੰ ਪੇਸ਼ੀ ਤੇ ਅਪੀਲਕਰਤਾ ਵਲੋਂ ਕੋਈ ਹਾਜ਼ਰ ਨਹੀ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ। ਉੱਤਰਦਾਤਾ(ਲੋਕ ਸੂਚਨਾ ਅਧਿਕਾਰੀ) ਵੱਲੋਂ ਸ੍ਰੀ ਗੁਰਦੇਵ ਸਿੰਘ, ਤਹਿਸੀਲਦਾਰ ਹਾਜ਼ਰ ਹੋਏ, ਉਨ੍ਹਾਂ ਵਲੋਂ ਇਸ ਕੇਸ ਬਾਰੇ ਵਿਸਥਾਰਪੂਰਵਕ ਦਸਿਆ ਗਿਆ ਕਿ ਅਪੀਲਕਰਤਾ ਵਲੋਂ ਜੋ ਸੂਚਨਾ ਮੰਗੀ ਜਾ ਰਹੀ ਹੈ ਉਸਦਾ ਸਬੰਧ ਸਾਲ 2005-06 ਨਾਲ ਹੈ ਜਦੋਂ ਕਿ ਲੁਧਿਆਣਾ (ਦੱਖਣੀ) ਸਾਲ 2010 ਵਿਚ ਬਣਿਆ ਸੀ। ਇਸ ਤੋਂ ਪਹਿਲਾਂ ਇਹਨਾਂ ਪਲਾਟਾਂ ਦਾ ਕੰਮ ਇੰਪਰੂਵਮੈਂਟ ਟਰਸਟ ਵਲੋਂ ਵੇਖਿਆ ਜਾਂਦਾ ਸੀ ਅਤੇ ਉਨ੍ਹਾਂ ਵਲੋਂ ਹੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਅਪੀਲਕਰਤਾ ਨੂੰ ਹਦਾਇਤ ਕੀਤੀ ਗਈ ਕਿ ਉਹ ਉੱਤਰਦਾਤਾ ਤਹਿਸੀਲਦਾਰ ਨਾਲ ਸੰਪਰਕ ਕਰਕੇ ਉਨ੍ਹਾਂ ਦੇ ਦਫਤਰ ਜਾ ਕੇ ਜੋ ਸੂਚਨਾ ਉਪਲਬਧ ਹੈ ਉਹ ਐਡੰਟੀਫਾਈ ਕੀਤੀ ਜਾਵੇ ਉਹ ਉਸਨੂੰ ਦੇ ਦਿੱਤੀ ਜਾਵੇਗੀ। ਉੱਤਰਦਾਤਾ ਨੂੰ ਹਦਾਇਤ ਕੀਤੀ ਗਈ ਸੀ ਕਿ ਅਪੀਲਕਰਤਾ ਨੂੰ ਉਪਲਬਧ ਰਿਕਾਰਡ ਵਿਖਾਇਆ ਜਾਵੇ ਅਤੇ ਅਡੰਟੀਫਾਈ ਕੀਤੀ ਗਈ ਸੂਚਨਾ ਮੁਹੱਈਆ ਕਰਵਾਈ ਜਾਵੇ ਅਤੇ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ। ਇਸ ਹਦਾਇਤ ਨਾਲ ਇਹ ਕੇਸ ਅਗਲੀ ਸੁਣਵਾਈ ਲਈ ਮਿਤੀ 20-01-2020 ਨੂੰ ਸਵੇਰੇ 11.30 ਵਜੇ ਲਈ ਨਿਸਚਿਤ ਕੀਤਾ ਗਿਆ ਸੀ ।

ਅਪੀਲਕਰਤਾ ਸ੍ਰੀ ਭੁਪਿੰਦਰ ਸਿਘ ਅੱਜ ਪੇਸ਼ੀ ਤੇ ਹਾਜ਼ਰ ਹੋਇਆ ਉਸ ਵਲੋਂ ਦਸਿਆ ਗਿਆ ਕਿ ਉਸਨੂੰ ਮੰਗੀ ਗਈ ਸਹੀ ਜਾਣਕਾਰੀ ਅੱਜੇ ਤੱਕ ਮੁਹੱਈਆ ਨਹੀਂ ਕਰਵਾਈ ਗਈ।

. ਉੱਤਰਦਾਤਾ (ਲੋਕ ਸੂਚਨਾ ਅਫਸਰ) ਵਲੋਂ ਕੋਈ ਹਾਜ਼ਰ ਨਹੀਂ ਹੋਇਆ ਅਤੇ ਨਾ ਹੀ ਹਾਜ਼ਰ ਨਾ ਹੋਣ ਬਾਰੇ ਕੋਈ ਸੂਚਨਾ ਪ੍ਰਾਪਤ ਹੋਈ ਹੈ। ਪਰ ਉਨ੍ਹਾਂ ਵਲੋਂ ਪੱਤਰ ਪਿੱਠ ਅੰਕਣ ਨੰ: 2241 ਮਿਤੀ 6-12-2019 ਪ੍ਰਾਪਤ ਹੋਇਆ ਸੀ ਜੋ ਮਿਸਲ ਤੇ ਉਪਲਬਧ ਹੈ।

. ਅਪੀਲਕਰਤਾ ਵਲੋਂ ਦਸੇ ਅਨੁਸਾਰ ਉਸਨੂੰ ਅਜੇ ਤੱਕ ਸਹੀ ਸੂਚਨਾ ਪ੍ਰਾਪਤ ਨਹੀਂ ਹੋਈ। ਕਮਿਸ਼ਨ ਵਲੋਂ ਦਸਿਆ ਗਿਆ ਕਿ ਉਹ ਪਹਿਲੀ ਵਾਰ ਕਮਿਸ਼ਨ ਪਾਸ ਹਾਜ਼ਰ ਹੋ ਰਿਹਾ ਹੈ ਅਤੇ ਕਾਫੀ ਦੇ ਤੋਂ ਪਿਛਲੀਆਂ ਮਿਤੀਆਂ ਤੇ ਉਸ ਵਲੋਂ

ਪਰਤੋ ਜੀ -----ਚਲਦਾ ਪੰਨਾ/2

**PUNJAB STATE INFORMATION COMMISSION**
**Red Cross Building, Near Rose Garden,**
**Sector 16, Chandigarh.**
**Ph: 0172-2864113, Email: - psic23@punjabmail.gov.in**
**Visit us: - www.infocommpunjab.com**



**ਅਪੀਲ ਕੇਸ ਨੰ: 947/2019**

ਕੋਈ ਹਾਜ਼ਰ ਵੀ ਨਹੀਂ ਹੋਇਆ। ਇਸ ਤੋਂ ਇਲਾਵਾ ਉੱਤਰਦਾਤਾ ਵਲੋਂ ਆਪਣੇ ਪੱਤਰ ਮਿਤੀ 06-12-2019 ਜੋ ਅਪੀਲਕਰਤਾ ਨੂੰ ਸੰਬੋਧਤ ਹੈ ਰਾਹੀਂ ਸੂਚਿਤ ਕੀਤਾ ਗਿਆ ਹੈ ਕਿ ਅਪੀਲਕਰਤਾ ਵਲੋਂ ਮੰਗੇ ਗਏ ਪੱਤਰ ਸਾਲ 2005-06 ਨਾਲ ਸਬੰਧਤ ਹਨ, ਪਰ ਲੁਧਿਆਣਾ ਸੈਂਟਰਲ ਤਹਿਸੀਲ 2010 ਵਿਚ ਹੋਂਦ ਵਿਚ ਆਈ ਹੈ। ਇਸ ਤੋਂ ਇਲਾਵਾ ਇਹ ਵੀ ਦਸਿਆ ਗਿਆ ਕਿ ਪਲਾਟ ਦੀ ਨਿਸ਼ਾਨਦੇਹੀ ਸਬੰਧੀ. ਕਾਰਵਾਈ ਇੰਮਪਰੂਵਮੈਂਟ ਟਰੱਸਟ ਵਲੋਂ ਕੀਤੀ ਜਾਣੀ ਹੈ ਇਸ ਲਈ ਉਨ੍ਹਾਂ ਨਾਲ ਤਾਲਮੇਲ ਕੀਤਾ ਜਾਵੇ। ਇਸ ਤਰ੍ਹਾਂ ਉੱਤਰਦਾਤਾ ਵਲੋਂ ਅਪੀਲਕਰਤਾ ਨੂੰ ਦਿੱਤੀ ਗਈ ਸੂਚਨਾ ਤੋਂ ਕਮਿਸ਼ਨ ਸੰਤੁਸ਼ਟ ਹੈ। ਇਸ ਲਈ ਇਸ ਕੇਸ ਵਿਚ ਹੋਰ ਕਿਸੇ ਕਾਰਵਾਈ ਦੀ ਲੋੜ ਨਹੀਂ ਇਹ **ਅਪੀਲ ਕੇਸ ਦਾਖਲ ਦਫਤਰ** ਕੀਤਾ ਜਾਂਦਾ ਹੈ।

(ਨਿਧੱੜਕ ਸਿੰਘ ਬਰਾੜ)
**ਮਿਤੀ: ਚੰਡੀਗੜ੍ਹ, 20 ਜਨਵਰੀ, 2020.** **ਰਾਜ ਸੂਚਨਾ ਕਮਿਸ਼ਨਰ, ਪੰਜਾਬ**

**ਕਾਪੀ:-**

1. **ਉਪ ਮੰਡਲ ਮੈਜਿਸਟਰੇਟ (ਦੱਖਣੀ) ਲੁਧਿਆਣਾ**
   ਲੋਕ ਸੂਚਨਾ ਅਧਿਕਾਰੀ-ਕਮ-ਤਹਿਸੀਲਦਾਰ, ਲੁਧਿਆਣਾ (ਦੱਖਣੀ)
2. ਡਿਪਟੀ ਕਮਿਸ਼ਨਰ, ਲੁਧਿਆਣਾ, ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ।